*This question paper contains 1printed pages.* *Your Roll No. ........................*

| | | |
|---|---|---|
| *Sl. No. of Ques. Paper* | **: 5307** | **G** |
| *Unique Paper Code* | **: 212555** | |
| *Name of Paper* | **: Punjabi B (Intermediate)** | |
| *Name of Course* | **: B.A. (Prog.)** | |
| *Semester* | **: V** | |
| *Duration :* | **: 3 hours** | |
| *Maximum Marks* | **: 75** | |

*(Write your Roll No. on the top immediately on receipt of this question paper.)*

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. 'ਰੇਖਾ-ਚਿਤਰ' ਕਿਸ ਨੂੰ ਕਹਿੰਦੇ ਹਨ? ਰੇਖਾ-ਚਿਤਰਾਂ ਦੀ ਦ੍ਰਿਸ਼ਟੀ ਤੋਂ ਬਲਵੰਤ ਗਾਰਗੀ ਦੇ ਰੇਖਾ-ਚਿਤਰ ਸੰਗ੍ਰਹਿ 'ਕੌਡੀਆਂ ਵਾਲਾ ਸੱਪ' ਵਿਚੋਂ ਹੇਠ ਦਿੱਤੇ ਰੇਖਾ-ਚਿਤਰਾਂ ਵਿਚੋਂ ਕਿਸੇ **ਇਕ** ਦਾ ਆਲੋਚਨਾਤਮਕ ਅਧਿਐਨ ਪ੍ਰਸਤੁਤ ਕਰੋ : **15**

   i) ਕਾੜ੍ਹਨੀ, ii) ਪ੍ਰੋ. ਮੋਹਨ ਸਿੰਘ, iii) ਕੌਡੀਆਂ ਵਾਲਾ ਸੱਪ

2. 'ਕੌਡੀਆਂ ਵਾਲਾ ਸੱਪ' ਰੇਖਾ-ਚਿਤਰ ਸੰਗ੍ਰਹਿ ਵਿਚ ਦਰਜ 'ਕਾਲਜ ਦਾ ਵਾਈਸ ਚਾਂਸਲਰ' ਵਿਚੋਂ ਸੰਤ ਸਿੰਘ ਸੇਖੋਂ ਦਾ ਕਿਸ ਤਰ੍ਹਾਂ ਦਾ ਬਿੰਬ ਉੱਭਰਦਾ ਹੈ? ਵਿਸਤਾਰ ਸਹਿਤ ਚਰਚਾ ਕਰੋ। **10**

   ਜਾਂ

   ਪੰਜਾਬੀ ਰੇਖਾ-ਚਿਤਰ ਦੇ ਇਤਿਹਾਸ ਬਾਰੇ ਤੁਸੀਂ ਕੀ ਜਾਣਦੇ ਹੋ? ਚਰਚਾ ਕਰੋ।

3. 'ਸੁਖ਼ਨ ਦੇ ਸੂਰਜ' ਕਾਵਿ-ਸੰਗ੍ਰਹਿ ਵਿਚ ਸ਼ਾਮਿਲ ਹੇਠ ਦਿੱਤੀਆਂ ਕਵਿਤਾਵਾਂ ਵਿਚੋਂ ਕਿਸੇ **ਇਕ** ਦਾ ਅਧਿਐਨ ਪ੍ਰਸਤੁਤ ਕਰੋ : **15**

   i) ਸਮਾਂ ii) ਤਾਜਮਹਲ, iii) ਰੁੱਖ

4. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : **10**

   i) ਇਥੇ ਦਾਤੇ ਬਲਕਾਰ ਆਏ,
   ਇਥੇ ਸਾਈਂ ਦੇ ਪਿਆਰੇ ਆਏ,
   ਇਸ ਧਰਤੀ ਵਿਚ ਕਲਗੀ ਵਾਲੇ ਦੇ ਘੋੜੇ ਦੇ ਸੁੰਮਾਂ ਦੀ ਟਾਪ ਲੱਗੀ,
   ਇੱਥੇ ਸਤਿਗੁਰਾਂ, ਸੱਚੇ ਪਾਤਸ਼ਾਹਾਂ ਦਾ ਨਿਵਾਸ ਹੈ।

   ii) ਕਿਸੇ ਨੇ ਪੰਜਾਂ ਪਾਣੀਆਂ ਵਿਚ ਦਿੱਤੀ ਜ਼ਹਿਰ ਰਲਾ
   ਤੇ ਉਨ੍ਹਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ
   ਇਸ ਜ਼ਰਖੇਜ਼ ਜ਼ਮੀਨ ਦੇ ਲੂੰ ਲੂੰ ਫੁਟਿਆ ਜ਼ਹਿਰ
   ਗਿੱਠ ਗਿੱਠ ਚੜੀਆਂ ਲਾਲੀਆਂ ਫੁਟ ਫੁਟ ਚੜ੍ਹਿਆ ਕਹਿਰ

5. ਕਾਰਕ ਦੀ ਪਰਿਭਾਸ਼ਾ ਦਸਦੇ ਹੋਏ, 'ਅਧਿਕਰਣ' ਅਤੇ 'ਸੰਪਰਦਾਨ' ਕਾਰਕ ਵਿਚਲਾ ਅੰਤਰ ਉਦਾਹਰਣਾਂ ਸਹਿਤ ਸਪੱਸ਼ਟ ਕਰੋ। **10**

6. ਹੇਠ ਦਿੱਤੇ ਅਗੇਤਰ ਲਗਾ ਕੇ ਸ਼ਬਦ ਬਣਾਓ : **05**

   ਦੁਰ, ਅਪ, ਨਿਰ, ਬੇ, ਲਾ

7. ਹੇਠ ਦਿੱਤੇ ਵਿਸ਼ਿਆਂ ਵਿਚੋਂ ਕਿਸੇ **ਇਕ** ਤੇ ਕਹਾਣੀ ਰਚਨਾ ਕਰੋ : **10**

   ਮਿੱਤਰ ਉਹ ਜੋ ਵੇਲੇ ਸਿਰ ਕੰਮ ਆਵੇ, ਬੁੱਧੀਮਾਨ ਤਾਕਤਵਰ ਹੁੰਦਾ ਹੈ, ਜਿੱਥੇ ਚਾਹ ਉਥੇ ਰਾਹ

200